# ਪੰਜਾਬ ਸਕੂਲ ਸਿੱਖਿਆ ਬੋਰਡ

**ਵਿਸ਼ਾ:- ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਅਕਾਦਮਿਕ ਸਾਲ 2019-20 ਤੋਂ ਪੰਜਵੀਂ ਅਤੇ ਅੱਠਵੀਂ ਸ਼੍ਰੇਣੀ ਦੀ ਪ੍ਰੀਖਿਆ ਲੈਣ ਸਬੰਧੀ।**

i. ਪੰਜਵੀਂ ਅਤੇ ਅੱਠਵੀਂ ਦੇ ਪ੍ਰੀਖਿਆਰਥੀਆਂ ਨੂੰ ਕੇਵਲ ਈ-ਸਰਟੀਫਿਕੇਟ ਦਿੱਤਾ ਜਾਣਾ ਹੈ।

ii. ਪੰਜਵੀਂ ਅਤੇ ਅੱਠਵੀਂ ਦੇ ਪ੍ਰੀਖਿਆਰਥੀਆਂ ਨੂੰ ਪ੍ਰਸ਼ਨ ਪੱਤਰ ਅਤੇ ਉੱਤਰ ਪੱਤਰੀਆਂ ਵੱਖ ਵੱਖ ਦਿੱਤੀਆਂ ਜਾਣੀਆਂ ਹਨ। ਪੰਜਵੀਂ ਸ਼੍ਰੇਣੀ ਦੇ ਪ੍ਰੀਖਿਆਰਥੀਆਂ ਨੂੰ ਦਿੱਤੀ ਜਾਣ ਵਾਲੀ ਉੱਤਰ ਪੱਤਰੀ ਦੇ ਕੁੱਲ 12 ਪੰਨੇ ਅਤੇ ਅੱਠਵੀਂ ਸ਼੍ਰੇਣੀ ਦੇ ਪ੍ਰੀਖਿਆਰਥੀਆਂ ਨੂੰ ਦਿੱਤੀ ਜਾਣ ਵਾਲੀ ਉੱਤਰ ਪੱਤਰੀ ਦੇ ਕੁੱਲ 16 ਪੰਨੇ ਹੋਣਗੇ। ਇਹਨਾਂ ਉੱਤਰ ਪੱਤਰੀਆਂ ਦਾ ਸਾਈਜ਼ ਅਤੇ ਡਿਜ਼ਾਇਨ ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਦੇ ਪ੍ਰੀਖਿਆਰਥੀਆਂ ਨੂੰ ਦਿੱਤੀਆਂ ਜਾਂਦੀਆਂ ਉੱਤਰ ਪੱਤਰੀਆਂ ਵਾਲਾ ਹੀ ਹੋਵੇਗਾ ਅਤੇ ਰੰਗ ਇਹਨਾਂ ਤੋਂ ਵੱਖਰਾ ਕੀਤਾ ਜਾਵੇਗਾ।

iii. ਅੱਠਵੀਂ ਸ਼੍ਰੇਣੀ ਲਈ ਸਕੀਮ ਆਫ ਸਟੱਡੀਜ਼ ਵਿੱਚ ਦਰਜ ਲਾਜ਼ਮੀ ਅਤੇ ਚੋਣਵੇਂ ਵਿਸ਼ਿਆਂ ਦੀ ਪ੍ਰਯੋਗੀ ਪ੍ਰੀਖਿਆ ਦੇ ਪ੍ਰਸ਼ਨ ਪੱਤਰ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਮੁਹਇਆ ਨਹੀਂ ਕਰਵਾਏ ਜਾਣਗੇ।

iv. ਪੰਜਵੀਂ ਅਤੇ ਅੱਠਵੀਂ ਸ਼੍ਰੇਣੀ ਲਈ ਸਾਲਾਨਾ ਪ੍ਰੀਖਿਆ ਵਿੱਚ ਰੀ-ਅਪੀਅਰ ਆਉਣ ਉਪਰੰਤ ਦੋ ਮਹੀਨਿਆਂ ਬਾਅਦ ਫਿਰ ਲਈ ਜਾਣ ਵਾਲੀ ਪ੍ਰੀਖਿਆ ਵਿੱਚ ਪ੍ਰੀਖਿਆ ਪਾਸ ਨਾ ਕਰਨ ਦੀ ਸੂਰਤ ਵਿੱਚ ਪ੍ਰੀਖਿਆਰਥੀ ਦਾ ਨਤੀਜਾ Not promoted ਘੋਸ਼ਿਤ ਕੀਤਾ ਜਾਣਾ ਹੈ ਅਤੇ ਪ੍ਰੀਖਿਆ ਪਾਸ ਕਰਨ ਦੀ ਸੂਰਤ ਵਿੱਚ ਪ੍ਰੀਖਿਆਰਥੀ ਦਾ ਨਤੀਜਾ Promoted ਘੋਸ਼ਿਤ ਕੀਤਾ ਜਾਵੇਗਾ।

v. ਮਿਡਲ ਪੱਧਰ ਪ੍ਰੀਖਿਆ ਸੰਬੰਧੀ ਬੋਰਡ ਦੇ ਪਹਿਲੇ ਵਿਨਿਯਮਾਂ ਅਨੁਸਾਰ ਵਿਲੱਖਣ ਸਮਰੱਥਾ ਵਾਲੇ ਵਿਦਿਆਰਥੀਆਂ ਨੂੰ ਪੰਜਵੀਂ ਅਤੇ ਅੱਠਵੀਂ ਸ਼੍ਰੇਣੀਆਂ ਲਈ ਬੋਰਡ ਪ੍ਰੀਖਿਆ ਤੋਂ ਛੋਟ ਦਿੱਤੀ ਗਈ ਹੈ।

vi. ਪੰਜਵੀਂ ਅਤੇ ਅੱਠਵੀਂ ਦੀਆਂ ਲਈਆਂ ਜਾਣ ਵਾਲੀਆਂ ਬੋਰਡ ਪ੍ਰੀਖਿਆਵਾਂ (ਫਰਵਰੀ/ਮਾਰਚ 2020) ਵਿੱਚ ਪ੍ਰਸ਼ਨ ਪੱਤਰ ਬੋਰਡ ਦੀ ਵੈਬ ਸਾਈਟ ਤੇ ਮੁਹੱਈਆ ਕਰਵਾਏ ਗਏ ਪ੍ਰਸ਼ਨ ਪੱਤਰ ਦੀ ਰੂਪ ਰੇਖਾ ਅਤੇ ਮਾਡਲ ਪ੍ਰਸ਼ਨ ਪੱਤਰ ਅਨੁਸਾਰ ਹੋਵੇਗੀ।

ਡਾਇਰੈਕਟਰ (ਅਕਾਦਮਿਕ)

## ਪੰਜਾਬ ਸਕੂਲ ਸਿੱਖਿਆ ਬੋਰਡ

**ਵਿਸ਼ਾ: ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਅਕਾਦਮਿਕ ਸਾਲ 2019-2020 ਤੋਂ ਪੰਜਵੀਂ ਅਤੇ ਅੱਠਵੀਂ ਸ਼੍ਰੇਣੀ ਦੀ ਪ੍ਰੀਖਿਆ ਲੈਣ ਸਬੰਧੀ।**

1. ਪੰਜਵੀਂ ਸ਼੍ਰੇਣੀ ਦੇ ਪ੍ਰੀਖਿਆਰਥੀਆਂ ਨੂੰ ਪ੍ਰਸ਼ਨ ਪੱਤਰ ਅਤੇ ਉੱਤਰ ਪੱਤਰੀ ਇੱਕ ਬੁੱਕਲੈੱਟ ਦੇ ਰੂਪ ਵਿੱਚ ਇਕੱਠੀ ਦਿੱਤੀ ਜਾਵੇਗੀ।
2. ਅੱਠਵੀਂ ਸ਼੍ਰੇਣੀ ਦੇ ਪ੍ਰੀਖਿਆਰਥੀਆਂ ਨੂੰ ਪ੍ਰਸ਼ਨ ਪੱਤਰ ਅਤੇ ਉੱਤਰ ਪੱਤਰੀਆਂ ਵੱਖ-ਵੱਖ ਦਿੱਤੇ ਜਾਣਗੇ। ਅੱਠਵੀਂ ਸ਼੍ਰੇਣੀ ਦੀ ਉੱਤਰ ਪੱਤਰੀ ਦੇ ਕੁੱਲ 16 ਪੰਨੇ ਹੋਣਗੇ ਅਤੇ ਇਸ ਦਾ ਸਾਇਜ਼ ਅਤੇ ਡਿਜਾਇਨ ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਦੇ ਪ੍ਰੀਖਿਆਰਥੀਆਂ ਨੂੰ ਦਿੱਤੀਆਂ ਜਾਂਦੀਆਂ ਉੱਤਰ ਪੱਤਰੀਆਂ ਵਾਲਾ ਹੀ ਹੋਵੇਗਾ।

14/1/2020

ਡਾਇਰੈਕਟਰ (ਅਕਾਦਮਿਕ)
ਪੰਜਾਬ ਸਕੂਲ ਸਿੱਖਿਆ ਬੋਰਡ